# ਬੱਚਿਆਂ ਦੀ ਸੁਰੱਖਿਆ ਲਈ ਸਾਡੀ ਵਚਨਬੱਧਤਾ

## ਟੈਨਿਸ ਆਸਟ੍ਰੇਲੀਆ ਦਾ ਵਚਨਬੱਧਤਾ ਬਿਆਨ

ਅਸੀਂ ਬੱਚਿਆਂ ਨਾਲ ਦੁਰਵਿਅਹਾਰ ਦੇ ਕਿਸੇ ਵੀ ਰੂਪ ਲਈ ਬਿਲਕੁਲ ਬਰਦਾਸ਼ਤ ਨਾ ਕਰਨ ਦੀ ਨੀਤੀ ਰੱਖਦੇ ਹਾਂ ਅਤੇ ਟੈਨਿਸ ਦੀ ਖੇਡ ਨੂੰ ਬੱਚਿਆਂ ਅਤੇ ਨੌਜਵਾਨਾਂ ਲਈ ਇੱਕ ਸੁਰੱਖਿਅਤ ਅਤੇ ਮਿੱਤਰਤਾਪੂਰਨ ਮਾਹੌਲ ਬਣਾਉਣ ਲਈ ਵਚਨਬੱਧ ਹਾਂ। ਇਹ ਬਹੁਤ ਜ਼ਰੂਰੀ ਹੈ ਕਿ ਜੋ ਵੀ ਬੱਚੇ ਜਾਂ ਯੁਵਾ ਸਾਡੀਆਂ ਗਤੀਵਿਧੀਆਂ, ਪ੍ਰੋਗਰਾਮਾਂ, ਸਮਾਗਮਾਂ ਜਾਂ ਸੇਵਾਵਾਂ ਵਿੱਚ ਸ਼ਾਮਲ ਹੁੰਦੇ ਹਨ, ਉਹ ਆਪਣੇ ਆਪ ਨੂੰ ਸੁਰੱਖਿਅਤ ਅਤੇ ਸਹਿਯੋਗ ਕੀਤਾ ਜਾਂਦਾ ਮਹਿਸੂਸ ਕਰਨ।

ਅਸੀਂ ਇਹ ਯਕੀਨੀ ਬਣਾਵਾਂਗੇ ਕਿ ਬੱਚਿਆਂ ਦੀ ਸੁਰੱਖਿਆ ਸਾਡੀ ਸੰਸਥਾ ਦੇ ਸੱਭਿਆਚਾਰ ਵਿੱਚ ਰਚੀ-ਬਸੀ ਹੋਈ ਹੋਵੇ, ਸਾਡੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਵਿੱਚ ਝਲਕੇ, ਅਤੇ ਸਾਡੀ ਖੇਡ ਦੇ ਹਰ ਪੱਧਰ ‘ਤੇ ਸਮਝੀ ਅਤੇ ਅਮਲ ਵਿੱਚ ਲਿਆਂਦੀ ਜਾਵੇ।

ਅਸੀਂ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਆਸਟ੍ਰੇਲੀਆ ਵਿੱਚ ਟੈਨਿਸ ਨਾਲ ਜੁੜੇ ਹਰ ਵਿਅਕਤੀ, ਜਿਸ ਵਿੱਚ ਕਲੱਬ ਪ੍ਰਬੰਧਕ, ਸਵੈਛਿਕ ਸੇਵਕ, ਮਾਤਾ-ਪਿਤਾ ਅਤੇ ਭਾਗੀਦਾਰ ਸ਼ਾਮਲ ਹਨ, ਨੂੰ ਬੱਚਿਆਂ ਦੀ ਸੁਰੱਖਿਆ ਸੰਬੰਧੀ ਆਪਣੀਆਂ ਮਹੱਤਵਪੂਰਨ ਜ਼ਿੰਮੇਵਾਰੀਆਂ ਦੀ ਪੂਰੀ ਸਮਝ ਹੋਵੇ।

ਸਾਡੀ ਵਚਨਬੱਧਤਾ ਅਜਿਹਾ ਵਾਤਾਵਰਣ ਬਣਾਉਣ ਤੋਂ ਅੱਗੇ ਹੈ, ਜੋ ਜ਼ੋਖਮ ਜਾਂ ਖ਼ਤਰੇ ਨੂੰ ਘੱਟ ਕਰਦਾ ਹੈ। ਅਸੀਂ ਇੱਕ ਅਜਿਹਾ ਵਾਤਾਵਰਣ ਬਣਾਉਣ ਲਈ ਵਚਨਬੱਧ ਹਾਂ ਜੋ ਬੱਚਿਆਂ ਲਈ ਸੁਰੱਖਿਅਤ ਅਤੇ ਬੱਚਿਆਂ ਦੇ ਅਨੁਕੂਲ ਹੋਵੇ।

ਇਕੱਠੇ ਮਿਲ ਕੇ, ਅਸੀਂ ਅਜਿਹਾ ਮਾਹੌਲ ਪ੍ਰਦਾਨ ਕਰ ਸਕਦੇ ਹਾਂ ਜਿਸ ਵਿੱਚ ਬੱਚੇ ਆਪਣੀ ਪੂਰੀ ਸਮਰੱਥਾ ਤੱਕ ਪਹੁੰਚਣ ਲਈ ਸਤਿਕਾਰ, ਕਦਰ ਅਤੇ ਉਤਸ਼ਾਹਿਤ ਮਹਿਸੂਸ ਕਰਦੇ ਹਨ।

**ਜੇਅਣ ਹਰਡਲਿਕਾ**
ਟੈਨਿਸ ਆਸਟ੍ਰੇਲੀਆ
ਚੇਅਰਪਰਸਨ

**ਕਰੇਗ ਟਿਲੀ**
ਟੈਨਿਸ ਆਸਟ੍ਰੇਲੀਆ
ਸੀ.ਈ.ਓ